23rd June 2000

# ਨਾਟਕ ਸਾਧਾਰਨ ਲੋਕਾਂ ਤਕ ਪੁੱਜਣਾ ਜ਼ਰੂਰੀ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਵਿਸ਼ਵ ਨਾਟਕ ਦੇ ਲੰਮੇ ਸਫਰ ਵਿਚ ਨਾਟਕਕਾਰਾਂ ਲਈ ਇਕ ਸਵਾਲ ਨੂੰ ਸੰਬੋਧਨ ਹੋਣਾ ਜ਼ਰੂਰੀ ਹੋ ਗਿਆ ਹੈ। ਇਹ ਸਵਾਲ ਦਰਸ਼ਕ ਵਰਗ ਨਾਲ ਸਬੰਧ ਰੱਖਦਾ ਹੈ ਤੇ ਹੁਣ ਬੜੀ ਸ਼ਿੱਦਤ ਨਾਲ ਅੱਗੇ ਆਇਆ ਹੈ ਕਿਉਂ ਕਿ, ਹੁਣ ਜਮਹੂਰੀਅਤ ਦਾ ਯੁੱਗ ਹੈ। ਇਸ ਯੁੱਗ ਵਿਚ ਹੁਣ ਸਾਰੇ ਲੋਕ ਇਕੋ ਜਿਹੇ ਬੁਨਿਆਦੀ ਹੱਕਾਂ ਦੇ ਦਾਅਵੇਦਾਰ ਹਨ। ਰੋਟੀ ਰੁਜ਼ਗਾਰ ਦੀ ਲੋੜ ਦੀ ਤਰ੍ਹਾਂ ਸੁਹਜ ਅਤੇ ਸੰਵੇਦਨਸ਼ੀਲਤਾ ਵੀ ਹਰ ਮਨੁੱਖ ਦੀ ਲੋੜ ਹੈ ਤੇ ਇਸ ਨੂੰ ਪੂਰਾ ਕਰਨ ਵਾਸਤੇ ਹੁਣ ਵਿਤਕਰਾ ਸਹਿਣ ਨਹੀਂ ਕੀਤਾ ਜਾ ਸਕਦਾ।

ਸੁਹਜ ਅਤੇ ਸੰਵੇਦਨਸ਼ੀਲਤਾ ਦੇ ਸੰਦਰਭ ਵਿਚ ਜਿਥੇ ਸਾਹਿਤ ਅਤੇ ਹੋਰ ਕਲਾਵਾਂ ਦਾ ਜ਼ਿਕਰ ਆਉਂਦਾ ਹੈ, ਉਥੇ ਨਾਟਕ ਇਕ ਨਿਵੇਕਲੀ ਥਾਂ ਰੱਖਦਾ ਹੈ ਕਿਉਂ ਕਿ ਇਹਦੇ ਵਿਚ ਕਲਾਕਾਰ ਅਤੇ ਦਰਸ਼ਕ ਦਾ ਸਿੱਧਾ ਸੰਚਾਰ ਹੈ।

ਕਿਸੇ ਵੇਲੇ ਨਾਟਕ ਦੀ ਕਲਾ ਦਰਬਾਰੀ ਕਲਾ ਦਾ ਦਰਜਾ ਰੱਖਦੀ ਸੀ। ਇਹ ਰਾਜਿਆਂ, ਨਵਾਬਾਂ, ਪਤਵੰਤਿਆਂ ਦੀ ਇਜਾਰੇਦਾਰੀ ਦੀ ਕਲਾ ਸੀ। ਥੀਏਟਰ ਹਾਲਾਂ ਵਿਚ ਵੀ ਬਹੁਤੇ ਪਤਵੰਤੇ ਹੀ ਪ੍ਰਵੇਸ਼ ਕਰਦੇ ਸਨ ਜਾਂ ਉਹ ਬੁੱਧੀਜੀਵੀ ਜਿਹੜੇ ਭਾਵੇਂ ਪਤਵੰਤੇ ਨਹੀਂ ਕਹੇ ਜਾ ਸਕਦੇ ਸਨ, ਪਰ ਉਹ ਜ਼ਿਹਨੀ ਤੌਰ 'ਤੇ ਇਨ੍ਹਾਂ ਵਿਚ ਹੀ ਸ਼ਾਮਲ ਸਮਝੇ ਜਾ ਸਕਦੇ ਸਨ। ਇਹ ਸੱਦਾ ਪੱਤਰ 'ਤੇ ਵੀ ਆਉਂਦੇ ਸਨ ਤੇ ਟਿਕਟ ਖਰਚ ਕੇ ਵੀ। ਬਾਕੀ ਲੋਕਾਈ ਦਾ ਇਸ ਸਰਗਰਮੀ ਨਾਲ ਕੋਈ ਸਬੰਧ ਨਹੀਂ ਸੀ।

ਇਹ ਗੱਲ ਚੰਡੀਗੜ੍ਹ ਵਿਚ ਹੋ ਰਹੀਆਂ ਨਾਟਕ ਸਰਗਰਮੀਆਂ ਦੀ ਮਿਸਾਲ ਲੈ ਕੇ ਸਮਝੀ ਜਾ ਸਕਦੀ ਹੈ। ਪਿਛਲੇ ਦਿਨਾਂ ਵਿਚ ਚੰਡੀਗੜ੍ਹ ਵਿਚ ਨਾਟਕ ਕੋਰਟ ਮਾਰਸ਼ਲ, ਸਖਾ ਰਾਮ ਬਾਈਂਡਰ ਅਤੇ ਦੁੱਖਣੀ ਟੈਗੋਰ ਥੀਏਟਰ ਵਿਚ ਖੇਡੇ ਗਏ। ਇਹਦੇ ਨਾਲ ਹੀ ਬੁੜੈਲ ਵਿਚ ਬਣੇ ਅਵਾਮੀ ਕਲਾ ਕੇਂਦਰ ਵਲੋਂ ਸੈਕਟਰਾਂ ਅਤੇ ਮਜ਼ਦੂਰ ਬਸਤੀਆਂ ਵਿਚ ਵੀ ਵੱਡੇ ਪੱਧਰ 'ਤੇ ਨਾਟਕ ਖੇਡੇ ਗਏ। ਪਹਿਲੇ ਤਿੰਨ ਨਾਟਕ ਹਰ ਲਿਹਾਜ਼ ਨਾਲ ਥੀਏਟਰ ਦੇ ਜਾਣੇ ਪਛਾਣੇ ਮਿਆਰਾਂ 'ਤੇ ਪੂਰੇ ਉਤਰਦੇ ਸਨ। ਅਖਬਾਰਾਂ ਅਤੇ ਪ੍ਰੈਸ ਵਿਚ ਉਨ੍ਹਾਂ ਦੀ ਚਰਚਾ ਹੋਈ ਅਤੇ ਇਹ ਹੋਣੀ ਬਣਦੀ ਵੀ ਹੈ। ਅਵਾਮੀ ਪੇਸ਼ਕਾਰੀਆਂ ਦਾ ਹਾਲੇ ਪੂਰੀ ਤਰ੍ਹਾਂ ਨੋਟਿਸ ਨਹੀਂ ਲਿਆ ਗਿਆ ਕਿਉਂ ਕਿ ਇਹ ਨਾਟਕ ਇਕ ਬੜੀ ਹੀ ਸਾਦਾ ਭਾਵ ਬੜੀ ਹੀ ਪ੍ਰਭਾਵਸ਼ਾਲੀ ਸ਼ੈਲੀ ਵਿਚ ਪੇਸ਼ ਕੀਤੇ ਜਾਂਦੇ ਹਨ। ਗੱਲ ਦਰਸ਼ਕਾਂ ਦੀ ਜਦੋਂ ਹੁੰਦੀ ਹੈ ਤਾਂ ਨਾਟਕ ਦੇ ਵਿਸ਼ੇ ਅਤੇ ਇਹ ਕਿਨ੍ਹਾਂ ਲੋਕਾਂ ਦੀ ਕਹਾਣੀ ਹੈ ਅਤੇ ਕਿਨ੍ਹਾਂ ਲੋਕਾਂ ਤਕ ਪੁੱਜਦੀ ਹੈ, ਦੀ ਗੱਲ ਕਰਨੀ ਵੀ ਜ਼ਰੂਰੀ ਹੋ ਜਾਂਦੀ ਹੈ। ਮਿਸਾਲ 'ਦੁੱਖਣੀ' ਦੀ ਲੈ ਕੇ ਸੰਵਾਦ ਰਚਾਉਣਾ ਲਾਹੇਵੰਦ ਹੋਵੇਗਾ।

'ਦੁੱਖਣੀ' ਪਾਕਿਸਤਾਨ ਦੇ ਲੇਖਕ ਸ਼ਾਹਿਦ ਨਦੀਮ ਦੀ ਦੇਣ ਹੈ। ਇਸ ਨਾਟਕ ਨੂੰ ਸਾਰਕ ਦੇਸ਼ਾਂ ਦੇ ਆਪਸੀ ਸਹਿਯੋਗ ਦੀ ਇਕ ਯੋਜਨਾ ਅਧੀਨ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਕਲਾਕਾਰਾਂ ਨੇ ਮਿਲ ਕੇ ਤਿਆਰ ਕੀਤਾ। ਇਹਦੀਆਂ ਪੇਸ਼ਕਾਰੀਆਂ ਹਿੰਦੋਸਤਾਨ ਵਿਚ ਵੀ ਤੇ ਹੋਰ ਦੇਸ਼ਾਂ ਵਿਚ ਵੀ ਹੋਣੀਆਂ ਮਿਥੀਆਂ ਗਈਆਂ ਹਨ। ਦਿੱਲੀ, ਚੰਡੀਗੜ੍ਹ, ਕਠਮੰਡੂ ਵਿਚ ਹੋ ਚੁੱਕੀਆਂ ਹਨ। ਕਲਕੱਤਾ ਅਤੇ ਢਾਕਾ ਵੀ ਹੋਣੀਆਂ ਹਨ। ਸ਼ਾਹਿਦ ਨਦੀਮ ਨਾਲ ਸਾਡੀ ਪਹਿਚਾਣ ਹੈ ਕਿਉਂ ਕਿ ਇਹ ਦੀ ਇਕ ਨਾਟਕਾਂ ਦੀ ਕਿਤਾਬ 'ਖਸਮਾਂ ਖਾਣੀਆਂ' ਨੂੰ ਉਰਦੂ ਲਿੱਪੀ ਤੋਂ ਗੁਰਮੁਖੀ ਲਿੱਪੀ ਵਿਚ ਲੋਕ ਸਾਹਿਤ ਪ੍ਰਕਾਸ਼ਨ ਵਲੋਂ ਛਾਪਿਆ ਵੀ ਗਿਆ ਹੈ ਅਤੇ ਮੇਰੇ ਵਲੋਂ 20 ਰੁਪਏ ਦੀ ਕੀਮਤ ਵਿਚ ਪੰਜਾਬੀ ਪਾਠਕਾਂ ਤਕ ਪੁਚਾਇਆ ਵੀ ਗਿਆ ਹੈ। ਲਿਪੀਅੰਤਰ ਅਰਵਿੰਦਰ ਕੌਰ ਧਾਲੀਵਾਲ (ਕੇਵਲ ਧਾਲੀਵਾਲ ਦੀ ਜੀਵਨ ਸਾਥਣ) ਦੀ ਕਲਮ ਤੋਂ ਹੈ। ਇਹਦਾ ਇਕ ਨਾਟਕ 'ਝੱਲੀ ਕਿੱਥੇ ਜਾਵੇ' ਜਿਹੜਾ ਸ. ਨ. ਸੇਵਕ ਹੋਰਾਂ ਦੇ ਯਤਨ ਨਾਲ ਇਧਰਲੇ ਪੰਜਾਬ ਵਿਚ ਆਇਆ ਸੀ, ਥਾਂ ਥਾਂ ਵੱਖਰੇ ਵੱਖਰੇ ਗਰੁੱਪਾਂ ਵਲੋਂ ਬੜੀ ਵੱਡੀ ਪੱਧਰ 'ਤੇ ਖੇਡਿਆ ਵੀ ਗਿਆ ਹੈ। ਖਸਮਾਂ ਖਾਣੀਆਂ ਵਿਚ ਸ਼ਾਮਲ 6 ਨਾਟਕ, ਰਿਹਾਈ, ਚੁਲ੍ਹਾ, ਝੱਲੀ ਕਿੱਥੇ ਜਾਵੇ, ਧੀ ਰਾਣੀ, ਸ਼ਰਮ ਦੀ ਗੱਲ, ਥੱਪੜ, ਸਾਰੇ ਹੀ ਔਰਤਾਂ ਦੀ ਤ੍ਰਾਸਦੀ ਅਤੇ ਔਰਤਾਂ ਦੀ ਬਗਾਵਤ ਬਾਰੇ ਹਨ। 'ਦੁੱਖਣੀ' ਦਾ ਵੀ ਇਹੀ ਵਿਸ਼ਾ ਹੈ, ਭਾਵੇਂ ਇਹਦੀ ਲੇਖਣੀ ਵੀ ਅਤੇ ਨਾਟਕੀ ਟੈਕਸਟ ਖਸਮਾਂ ਖਾਣੀਆਂ ਵਿਚ ਸ਼ਾਮਲ ਨਾਟਕਾਂ ਨਾਲੋਂ ਵੱਧ ਸ਼ਕਤੀਸ਼ਾਲੀ ਹੈ।

'ਦੁੱਖਣੀ' ਉਨ੍ਹਾਂ ਮਜਬੂਰ ਅਤੇ ਲਾਚਾਰ ਔਰਤਾਂ ਦੀ ਕਹਾਣੀ ਹੈ ਜੋ ਵੇਚੀਆਂ ਵੀ ਜਾਂਦੀਆਂ ਅਤੇ ਖਰੀਦੀਆਂ ਵੀ। ਇਕ ਮੁਲਕ ਤੋਂ ਦੂਸਰੇ ਮੁਲਕ ਤਕ ਉਹ ਭੇਡ ਬਕਰੀਆਂ ਵਾਕੁਨ ਧਕੇਲੀਆਂ ਜਾਂਦੀਆਂ ਹਨ। ਦਲਾਲ ਏਜੰਟ ਇਸ ਵਪਾਰ ਵਿਚ ਵੱਡੀਆਂ ਰਕਮਾਂ ਕਮਾਉਂਦੇ ਹਨ। ਇਹ ਔਰਤਾਂ ਜਿਸਮਫਰੋਸ਼ੀ ਦੇ ਧੰਦੇ ਲਈ ਮਜਬੂਰ ਕੀਤੀਆਂ ਜਾਂਦੀਆਂ ਹਨ। ਇਸ ਧੰਦੇ ਦੀ ਇਕ ਝਲਕ ਪੰਜਾਬੀ ਨਾਵਲ ਵਿਚ ਪਹਿਲੋਂ ਹੀ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤੇ ਨਾਟਕ 'ਲਾਲ ਬੱਤੀ' ਵਿਚ ਵੇਖੀ ਗਈ ਹੈ, ਜੋ ਕਿ ਬਲਦੇਵ ਸਿੰਘ ਦੇ ਇਸੇ ਨਾਂ ਦੇ ਨਾਵਲ 'ਤੇ ਆਧਾਰਤ ਸੀ। 'ਦੁੱਖਣੀ' ਜਦੋਂ ਟੈਗੋਰ ਥੀਏਟਰ ਵਿਚ ਪੇਸ਼ ਕੀਤਾ ਜਾ ਰਿਹਾ ਸੀ ਤਾਂ ਬੜੀ ਅਸਾਨੀ ਨਾਲ ਇਹ ਗੱਲ ਧਿਆਨ ਵਿਚ ਆਂਦੀ ਸੀ ਕਿ ਟੈਗੋਰ ਥੀਏਟਰ ਦੇ 2-3 ਕਿਲੋਮੀਟਰ ਘੇਰੇ ਵਿਚ ਆਉਂਦੀਆਂ ਪਰਵਾਸੀ ਮਜ਼ਦੂਰ ਬਸਤੀਆਂ ਵਿਚ ਇਹ ਕਹਾਣੀ ਦਿਨ ਰਾਤ ਦੁਹਰਾਈ ਜਾ ਰਹੀ ਹੈ। ਕੀ ਅਸੀਂ ਕਦੀ ਯਤਨ ਕਰਕੇ ਇਹ ਸਾਧਨ ਲਭਾਂਗੇ ਕਿ ਇਹ ਨਾਟਕ ਉਨ੍ਹਾਂ ਲੋਕਾਂ ਵਿਚ ਲੈ ਕੇ ਜਾਈਏ ਜਿਨ੍ਹਾਂ ਬਾਰੇ ਇਹ ਲਿਖਿਆ ਗਿਆ ਹੈ? ਕੀ ਅਸੀਂ ਨਾਟਕ ਵਿਚਲੀਆਂ ਔਰਤਾਂ ਦੀ ਬਗਾਵਤ ਦੀ ਰੌਂਅ ਇਨ੍ਹਾਂ ਮਜ਼ਦੂਰ ਬਸਤੀਆਂ ਦੀਆਂ ਔਰਤਾਂ ਤਕ ਪੁਚਾ ਸਕਾਂਗੇ ਜਿਨ੍ਹਾਂ ਨੂੰ ਇਸ ਬਗਾਵਤ ਦੀ ਸਭ ਤੋਂ ਵੱਧ ਲੋੜ ਹੈ? ਅਵਾਮੀ ਕਲਾ ਕੇਂਦਰ ਇਹ ਜ਼ਰੂਰ ਕਰੇਗਾ। ਪਾਕਿਸਤਾਨ ਤੇ ਬੰਗਲਾਦੇਸ਼ ਦੇ ਕਲਾਕਾਰਾਂ ਨੇ ਰਾਹ ਵਿਖਾਇਆ ਹੈ। ਉਨ੍ਹਾਂ ਦੀਆਂ ਮਜਬੂਰੀਆਂ ਸਨ ਕਿ ਉਹ ਟੈਗੋਰ ਥੀਏਟਰ ਤਕ ਹੀ [illegible] ਸਕਦੇ ਸਨ। ਚੰਡੀਗੜ੍ਹ ਦੇ ਥੀਏਟਰ [illegible] ਦੀ ਇਹ ਮਜਬੂਰੀ ਨਹੀਂ।

ਇਹ ਇਕ ਮਿਸਾਲ ਹੀ ਹੁਣ ਉਸ ਸਵਾਲ ਨੂੰ ਸੰਬੋਧਨ ਹੋਣ ਦੀ ਜ਼ਰੂਰਤ ਨੂੰ ਦਸਦੀ ਹੈ। ਮੈਂ ਜੇ ਜਾਤੀ ਗੱਲ ਕਰਨ ਦੀ ਗੁਸਤਾਖੀ ਕਰਾਂ ਤਾਂ ਮੈਂ ਇਸ ਸਵਾਲ ਨੂੰ ਅੱਜ ਤੋਂ 32 ਸਾਲ ਪਹਿਲੇ ਸੰਬੋਧਨ ਹੋਇਆ ਸਾਂ। ਮੇਰਾ ਖੇਤਰ ਪੰਜਾਬੀ ਨਾਟਕ ਸੀ। ਅਸੀਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਅੰਮ੍ਰਿਤਸਰ ਵਿਚ ਬੜੀ ਬਕਾਇਦਗੀ ਨਾਲ ਗਾਂਧੀ ਗਰਾਊਂਡ ਵਿਖੇ ਸਥਾਪਤ ਓਪਨ ਏਅਰ ਥੀਏਟਰ ਵਿਚ ਨਾਟਕ ਕਰਦੇ ਸਾਂ। ਸਾਡੇ ਨਾਟਕ ਸਮਾਜਿਕ ਨਿਆਂ ਦੇ ਵਿਸ਼ੇ ਨੂੰ ਸੰਬੋਧਨ ਹੁੰਦੇ ਸਨ। ਪਰ ਮੈਂ ਇਹ ਮਹਿਸੂਸ ਕੀਤਾ ਕਿ ਜਿਨ੍ਹਾਂ ਲੋਕਾਂ ਨੂੰ ਇਸ ਨਾਟਕ ਦੇ ਸੁਨੇਹੇ ਦੀ ਲੋੜ ਹੈ, ਉਨ੍ਹਾਂ ਤਕ ਤਾਂ ਇਹ ਨਾਟਕ ਪੁਜਦਾ ਹੀ ਨਹੀਂ। ਅਸੀਂ ਭਾਵੇਂ ਓਪਨ ਏਅਰ ਥੀਏਟਰ ਵਿਚ ਵੱਡੀਆਂ ਤੋਂ ਵੱਡੀਆ ਪੇਸ਼ਕਾਰੀਆਂ ਕਰਦੇ ਸਾਂ ਤੇ ਸਾਡੇ ਕਲਾਕਾਰਾਂ ਵਿਚ ਜਤਿੰਦਰ ਕੌਰ, ਹਰਭਜਨ ਜਬਲ, ਸੁਰੇਸ਼ ਪੰਡਿਤ, ਬੁੱਧ ਸਿੰਘ (ਅੰਮ੍ਰਿਤਪਾਲ), ਦਲਜੀਤ ਕੌਰ, ਵੇਦ ਸ਼ਰਮਾ, ਸੁਦਰਸ਼ਨ ਸ਼ਰਮਾ, ਰਾਜ ਕੁਮਾਰ, ਨਰਿੰਦਰ ਨਿੰਦੀ, ਪ੍ਰੀਤਮ ਪਿਆਸਾ, ਸਤਿੰਦਰ ਕੌਰ, ਜਗਦੀਸ਼ ਸ਼ਰਮਾ, ਸੁਖਦੇਵ ਸ਼ਰਮਾ, ਸਰਦਾਰਜੀਤ ਬਾਵਾ, ਲੋਕ ਨਾਥ, ਕਿਸ਼ਨ ਦਵੇਸਰ ਵਰਗੇ ਨਾਮਵਰ ਕਲਾਕਾਰ ਸ਼ਾਮਲ ਸਨ ਪਰ ਸਾਧਾਰਨ ਲੋਕਾਂ ਤਕ ਪੁੱਜਣ ਦੀ ਗੱਲ ਅਸਲ ਸ਼ਬਦਾਂ ਵਿਚ ਹਾਲੇ ਸ਼ੁਰੂ ਨਹੀਂ ਹੋਈ ਸੀ। ਇਹ ਸ਼ੁਰੂ ਕੀਤੀ ਗਈ ਅਤੇ ਇਹ ਗੱਲ ਹੁਣ ਨਿਮਾਣੇ ਜਿਹੇ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਅੱਜ ਪੰਜਾਬ ਦਾ ਨਾਟਕ ਉਨ੍ਹਾਂ ਲੋਕਾਂ ਤਕ ਪੁੱਜ ਸਕਿਆ ਹੈ, ਜਿਥੇ ਉਹਦੀ ਲੋੜ ਹੈ। ਪਲਸ ਮੰਚ ਦੀਆਂ ਅਨੇਕਾਂ ਟੀਮਾਂ ਇਸ ਕਾਰਜ ਲਈ ਜੁੱਟੀਆਂ ਹੋਈਆਂ ਹਨ। ਕੇਵਲ ਧਾਲੀਵਾਲ ਕਵਾਲਿਟੀ ਥੀਏਟਰ ਕਰਨ ਦਾ ਅਤੇ ਉਸ ਨੂੰ ਲੋਕਾਂ ਤਕ ਪੁਚਾਣ ਲਈ ਯਤਨਸ਼ੀਲ ਹੈ। ਪਾਲੀ ਭੁਪਿੰਦਰ ਦੇ ਨਾਟਕ ਜਿਹੜੇ ਕਿ ਪ੍ਰਤੀਕਾਤਮਕ ਸ਼ੈਲੀ ਵਿਚ ਤਕਨੀਕੀ ਪੱਖ ਤੋਂ ਬਹੁਤ ਵਧੀਆ ਨਾਟਕ ਹਨ, ਹੁਣ ਦੂਰ ਦੂਰ ਪਿੰਡਾਂ ਵਿਚ ਪੁੱਜ ਰਹੇ ਹਨ। ਅਜਮੇਰ ਔਲਖ ਦੇ ਵਿਸ਼ਵ ਪੱਧਰ ਦੇ ਨਾਟਕ ਹੁਣ ਪੰਜਾਬ ਦੇ ਪਿੰਡ ਪਿੰਡ ਪੁੱਜ ਰਹੇ ਹਨ। ਮੈਂ ਬੜੀ ਥਾਂ ਇਹ ਬਿਆਨ ਦੇਣ ਵਿਚ ਕੋਈ ਝਿੱਜਕ ਮਹਿਸੂਸ ਨਹੀਂ ਕਰਦਾ ਕਿ ਪੇਂਡੂ ਮੁਹਾਵਰੇ ਵਿਚ ਅਜਮੇਰ ਔਲਖ ਦੇ ਨਾਟਕ ਉਸ ਨੂੰ ਦੁਨੀਆਂ ਦਾ ਇਕ ਬੜੇ ਹੀ ਵਧੀਆ ਨਾਟਕਕਾਰ ਹੋਣ ਦੇ ਦਾਅਵੇ ਨੂੰ ਪੂਰਾ ਕਰਦਾ ਹੈ। ਮੇਰੇ ਆਪਣੇ ਰਾਜਸੀ ਵਿਅੰਗ ਦੇ ਨਾਟਕ ਵੀ ਹਰ ਰੋਜ਼ ਕਿਸੇ ਨਾ ਕਿਸੇ ਸਮੇਂ ਜ਼ਰੂਰ ਪੇਸ਼ ਹੋ ਰਹੇ ਹੁੰਦੇ ਹਨ। ਕਿਹਾ ਜਾ ਸਕਦਾ ਹੈ ਕਿ ਤੀਹ ਸਾਲ ਪਹਿਲੇ ਇਕ ਨਿਸ਼ਾਨੇ ਨੂੰ ਮਿਥਿਆ ਸੀ ਕਿ ਪੰਜਾਬੀ ਨਾਟਕ ਨੂੰ ਸਧਾਰਨ ਲੋਕਾਂ ਦੀ ਸੁਹਜਾਤਮਕ ਸੰਵੇਦਨਸ਼ੀਲਤਾ ਦਾ ਅੰਗ ਬਣਾਉਣਾ ਹੈ। ਪੰਜਾਬੀ ਨਾਟਕ ਉਸ ਨਿਸ਼ਾਨੇ ਵੱਲ ਪੱਕੇ ਕਦਮਾਂ ਨਾਲ ਵਧ ਰਿਹਾ ਹੈ।

ਅੱਜ ਦਾ ਯੁੱਗ ਲੋਕਾਂ ਦਾ ਯੁੱਗ ਹੈ। ਰਾਜੇ ਮਹਾਰਾਜਿਆਂ ਪਤਵੰਤਿਆਂ ਦਾ ਯੁੱਗ ਨਹੀਂ। ਨਾਟਕ ਜੇ ਸਾਧਾਰਨ ਲੋਕਾਂ ਦੇ ਵਿਸ਼ੇ ਲੈਂਦਾ ਹੈ ਤਾਂ ਉਹ ਰਾਹ ਵੀ ਲਭਣੇ ਪੈਣੇ ਹਨ ਕਿ ਉਹ ਸਧਾਰਨ ਲੋਕਾਂ ਤਕ ਪੁੱਜ ਸਕਣ। ਪਹਿਲੇ ਨਿਸ਼ਾਨਾ ਬਣਾਉਣਾ ਜ਼ਰੂਰੀ ਹੈ। ਸਧਾਰਨ ਲੋਕ ਬੁੜੈਲ ਰਹਿੰਦੇ ਹਨ। ਡੱਡੂਮਾਜਰਾ ਰਹਿੰਦੇ ਹਨ। ਲਾਹੌਰਾ ਖੁੱਡਾ ਰਹਿੰਦੇ ਹਨ। ਸੈਕਟਰਾਂ ਵਿਚ ਰਹਿੰਦੇ ਹਨ। ਮਜ਼ਦੂਰ ਬਸਤੀਆਂ ਵਿਚ ਰਹਿੰਦੇ ਹਨ। ਉਹ ਟੈਗੋਰ ਥੀਏਟਰ ਨਹੀਂ ਆ ਸਕਦੇ। ਉਨ੍ਹਾਂ ਤਕ ਪੁੱਜਣਾ ਪਵੇਗਾ। ਨਾਟਕ 'ਦੁੱਖਣੀ' ਉਨ੍ਹਾਂ ਲੋਕਾਂ ਤਕ ਪੁੱਜਣਾ ਚਾਹੀਦਾ ਹੈ, ਜਿਨ੍ਹਾਂ ਲੋਕਾਂ ਦੀ ਇਹ ਕਹਾਣੀ ਹੈ।